ਬੰਦੇ ਮਾਤ੍ਰਮ

ਮਹੀਨੇ ਵਿਚ ਦੋ ਵਾਰ

# ਇੰਡੀਆ ਐਂਡ ਕੈਨੇਡਾ

FORTNIGHTLY PUNJABI EDITION OF "INDIA AND CANADA"

Published at Corner of Fourth and Vine, Vancouver, Canada

ਦਫਤਰ ੨੦੧੯ ਵਾਇਨ ਸਟਰੀਟ ਵੈਨਕੂਵਰ ਬੀ. ਸੀ.

ਪੈਹਲੀ ਤੇ ਪੰਦਰਾਂ ਤ੍ਰੀਕ ਨੂੰ

ਜਿਲਦ ੨ - ਨੰਬਰ ੧ | ੧ ਅਪ੍ਰੈਲ ੧੯੩੧ | ਸਾਲਾਨਾ ਚੰਦਾ ਪੰਜ ਡਾਲਰ

## ਅਪਨੇ ਪਾਠਕਾਂ ਪ੍ਰਤੀ

ਵੈਨਕੂਵਰ ਤੋਂ ਦੋ ਮਹੀਨੇ ਦੀ ਗੈਰ ਹਾਜਰੀ ਦੇ ਮਗਰੋਂ, ਜੋ ਸਮਾਂ ਕਿ ਅਸੀਂ ਅਪਣੇ ਕੈਲੇਫੋਰਨੀਆ ਨਵਾਸੀ ਭਰਾਵਾਂ ਦੇ ਦਰਸਨਮੇਲੇ ਕਰਨ, ਉਨਾਂ ਦੀ ਹਾਲਤ ਤੇ ਉਨਾਂ ਦੇ ਦੁਖਾਂ ਸੁਖਾਂ ਦੀ ਖੋਜ ਤੇ ਵਾਕਫੀ ਕਰਨ ਤੇ ਉਨਾਂ ਤੋਂ ਇਸ ਅਖਬਾਰ ਲਈ ਜਿਸ ਦੇ ਕਿ ਕਰੀਬਨ ਪੰਜ ਸੌ ਪਰਚੇ ਹਰ ਹਫਤੇ ਉਥੇ ਜਗਾ ੨ ਪੁਰ ਭੇਜੇ ਜਾਂਦੇ ਰਹੇ ਸਨ ਚੰਦਿਆਂ ਤੇ ਸਹਾਇਤਾ ਲਈ ਅਰਜ ਕਰਨ ਵਿਚ ਬਤੀਤ ਕੀਤਾ ਅਸੀਂ ਫੇਰ ਅਪਨੇ ਪਾਠਕਾਂ ਦੀ ਸੇਵਾ ਵਿਚ ਇਸ ਵੱਡੇ ਤੇ ਨਵੇਂ ਪ੍ਰਛਾਕੇ ਵਿਚ ਹਾਜਰ ਹੁੰਦੇ ਹਾਂ। ਸਭਤੋਂ ਪਹਿਲਾਂ ਅਸੀਂ ਉਨਾਂ ਕੈਲੇਫੋਰਨੀਆ ਨਵਾਸੀ ਭਰਾਵਾਂ ਦੇ ਸੱਚੇ ਦਿਲੋਂ ਧਨਵਾਦੀ ਹਾਂ ਜਿਨਾਂ ਨੇ ਸਾਨੂੰ ਚੰਦੇ ਤੇ ਸਹਾਇਤਾ ਬਖਸੀ ਜਿਸ ਦੀ ਰਪੋਟ ਕੁਛ ਤਾਂ ਇਸ ਪਰਚੇ ਦੇ ਸਫਾ ੪ ਪੁਰ ਦਰਜ ਹੈ ਤੇ ਬਾਕੀ ਅਗਲੇ ਪਰਚਿਆਂ ਵਿਚ ਦਰਜ ਹੋਵੇਗੀ॥

ਕੈਲੇਫੋਰਨੀਆ ਸਟੇਟ ਵਿਚ ਵੜਨ ਤੋਂ ਮਗਰੋਂ ੧੬੬ ਮੀਲ ਫਾਸਲਾ ਜਾਕੇ, ਹਿੰਦੀ ਭਰਾਵਾਂ ਦੇ ਟਕਾਣੇ ਚੀਕੋ ਦੇ ਇਲਾਕੇ ਤੋਂ ਛੁਰੂ ਹੋ ਜਾਂਦੇ ਹਨ ਤੇ ਫੇਰ ਸਾਰੀ ਸਟੇਟ ਵਿਚ ਧੁਰ ਮਕਸੀਕੋ ਦੀ ਹਦ ਤਕ ਜਿੱਥੇ ਇਮਪੀਰੀਅਲ ਵੈਲੀ ਦੀ ਵੱਸੋਂ ਹੈ ੭੨੫ ਮੀਲ ਲੰਬੇ ਫਾਸਲੇ ਪੁਰ ਜਗਾ ੨ ਹਿੰਦੁਸਤਾਨੀ ਵੀਰ ਖਿਲਰੇ ਹੋਏ ਹਨ ਤੇ ਉਨਾਂ ਦੇ ਪਾਸ ਹਰ ਜਗਾ ਪੁਜਣ ਲਈ ਕਈ ਹਜਾਰ ਮੀਲ ਦਾ ਸਫਰ ਜਰੂਰੀ ਹੈ। ਸਾਨੂੰ ਦਸ ਹਜਾਰ ਮੀਲ ਦਾ ਸਫਰ ਕਰਨਾ ਪਿਆ॥

ਸਾਡੇ ਵਾਂਗਰ ਬਾਹੋਂ ਗਿਆ ਅਣਜਾਣ ਆਦਮੀ ਜਿਸ ਨੂੰ ਕਿ ਝਬਦੇ ਨਾਲ ਮੁੜਨ ਦੀ ਤਾਂਘ ਹੁੰਦੀ ਹੈ ਭਾਵੇਂ ਕਿਤਨੀ ਹੀ ਕਾਹਲੀ ਤੇ ਦੌੜਕੁਦਾਈ ਨਾਂ ਕਰੇ ਫੇਰ ਭੀ ਹਰ ਰੋਜ ਮੋਟਰਕਾਰ ਚਲਾਕੇ ਦੋ ਮਹੀਨੇ ਦੇ ਕਰੀਬ ਅਰਸਾ ਲਾਏ ਤੋਂ ਬਿਨਾਂ ਸਭ ਭਰਾਵਾਂ ਦੇ ਦਰਸਨ ਨਹੀਂ ਕਰ ਸਕਦਾ। ਇਹ ਭੀ ਤਾਂ ਜੇ ਕੋਈ ਵਾਕਫ ਵੀਰ ਸੈਂਕੜੇ ਮੀਲਾਂ ਪੁਰ ਖਿੰਡੀਆਂ ਜਗਾ ਦਸ ਸਕੇ ਜਿੱਥੇ ੨ ਕਿ ਸਾਡੇ ਦੇਸਵਾਸੀ ਵੀਰ ਰਹਿੰਦੇ ਹਨ॥

ਸਾਡੇ ਇਸ ਦੌਰੇ ਦਾ ਤੇ ਇਸ ਦੇ ਰਾਹੀਂ ਪਰਾਪਤ ਹੋਈ ਵਾਕਫੀ ਦਾ ਨਤੀਜਾ ਇਹ ਹੋਵੇਗਾ ਕਿ ਅਸੀਂ ਅਪਣੇ ਕਨੇਡਾ ਨਵਾਸੀ ਭਰਾਵਾਂ ਨੂੰ ਅਮਰੀਕਾ ਨਵਾਸੀ ਭਰਾਵਾਂ ਦਾ ਹਾਲ ਖੋਲਕੇ ਦਸ ਸਕਾਂਗੇ ਤੇ ਨਾਲ ਹੀ ਉਨਾਂ ਭਰਾਵਾਂ ਦੇ ਸੁਖ ਦੁਖ ਤੇ ਸਾਂਝੇ ਕੱਮਾਂ ਦੀ ਖਬਰ ਸਾਰ ਇਸ ਅਖਬਾਰ ਵਿਚ ਜਿਆਦਾ ਛਪਦੀ ਰਹਣ ਤੇ ਕਨੇਡਾ ਦੀ ਖਬਰ ਉਥੇ ਪੁਜਦੀ ਰਹਣ ਨਾਲ ਦੋਹਾਂ ਗੁਆਂਡੀ ਮੁਲਕਾਂ ਦੇ ਹਿੰਦੀ ਭਰਾਵਾਂ ਦੇ ਵਿਚਕਾਰ ਸੂਝ ਤੇ ਸਮਝ ਭਰੇ ਗੂਹੜੇ ਤਅਲਕਾਤ ਵਧਣਗੇ ਤੇ ਅਸੀਂ ਦੋਹਾਂ ਦੇਸਾਂ ਦੇ ਵਾਸੀ ਰਲ ਮਿਲਕੇ ਇਕ ਦੂਜੇ ਦੀ ਜਿਆਦਾ ਹਥ ਵੰਡਾਈ ਤੇ ਮਦਤ ਕਰਨਦੇ ਯੋਗ ਹੋਵਾਂਗੇ।

ਕੈਲੇਫੋਰਨੀਆ ਵਿਚ ਇਸ ਅਖਬਾਰ ਦੇ ਮਿਤ੍ਰ ਤੇ ਪ੍ਰੇਮੀ ਹਰ ਜਗਾ ਸਨ। ਇਸ ਨੂੰ ਹਰ ਹਫਤੇ ਲਗਾਤਾਰ ਪੜਨ ਨਾਲ ਉਨਾਂ ਨੂੰ ਪਤਾ ਸੀ ਕਿ ਇਹ ਉਦਮ ਕਿਸ ਭਾਵ ਤੇ ਸਪਿਰਟ ਵਿਚ ਕੀਤਾ ਜਾ ਰਿਹਾ ਹੈ। ਉਹ ਅਨਭਵ ਕਰਦੇ ਸਨ ਕਿ ਏਸ ਅਖਬਾਰ ਨੇ ਹਰ ਹਫਤੇ ਪੁਜਕੇ ਉਨਾਂ ਨੂੰ ਕਨੇਡਾ ਦੇ ਭਰਾਵਾਂ ਦੀਆਂ ਉਮੰਗਾਂ ਤੇ ਹਾਲ ਚਾਲ, ਅਤੇ ਦੇਸ ਵਿਚ ਬੀਤਰਹੀ ਹਾਲਤ ਤੋਂ ਵਾਕਫ ਰਖਿਆ ਹੈ। ਜਗਾ ੨ ਉਨਾਂ ਸਾਨੂੰ ਏਹੋ ਹੀ ਖਿਆਲ ਦਿਤਾ ਕਿ ਅਖਬਾਰ ਨੂੰ ਬੜਾ ਕੀਤਾ ਜਾਵੇ। ਅਸੀਂ ਉਨਾਂ ਨੂੰ ਅਪਣੀਆਂ ਔਕੜਾਂ ਦਸੀਆਂ ਤੇ ਇਹੋ ਜਿਹੇ ਨਵੇਂ ਉਦਮ ਵਿਚ ਹਥੀਂ ਕਮ ਕਰਨ ਵਾਲੇ ਸੇਵਕਾਂ ਦੀ ਡਾਹਡੀ ਥੋੜ ਤੇ ਮਾਇਕ ਸਹਾਇਤਾ ਦੀ ਬੇਹਦ ਕਮੀ ਦਸੀ ਜੋ ਕਿ ਹਰ ਕਮ ਦੇ ਆਰੰਭ ਅਤੇ ਛੁਰੂ ਵਿਚ ਹੋਇਆ ਹੀ ਕਰਦੀ ਹੈ। ਕਈਆਂ ਵੀਰਾਂ ਨੇ ਸਾਡੇ ਨਾਲ ਅਮਲੀ ਹਮਦਰਦੀ ਕਰਦੇ ਹੁਏ ਅਪਣੇ ੨ ਅਖਬਾਰ ਦੇ ਚੰਦੇ ਜਾਂ ਸਹਾਇਤਾ ਸਾਨੂੰ ਬਖਸੀ ਤੇ ਤੇ ਕਈਆਂ ਨੇ ਕੋਈ ਧਿਆਨ ਨਾਂ ਦਿਤਾ ਪਰ ਅਸੀਂ ਦਰਸਨ ਸਾਰਿਆਂ ਦੇ ਕੀਤੇ ਤੇ ਉਨਾਂ ਦੇ ਖਿਆਲਾਂ, ਆਛਿਆਂ ਤੇ ਤਰੀਕਿਆਂ ਨੂੰ ਜਾਣ ਤੇ ਸਮਝਕੇ ਲਾਭ ਉਠਾਇਆ॥

ਹੁਣ ਅਸੀਂ ਮੁੜਦਦੇ ਹੀ "ਇੰਡੀਆ ਐਂਡ ਕੈਨੇਡਾ" ਨੂੰ ਬੜਾ ਕਰਨ ਦਾ ਉਦਮ ਚੁਕਦੇ ਹਾਂ। ਪਰਚਾ ਸਾਈਜ ਵਿਚ ਅਗੇ ਨਾਲੋਂ ਦੁਗਣੇ ਤੋਂ ਭੀ ਬੜਾ ਕੀਤਾ ਗਿਆ ਹੈ ਪਰ ਇਤਨੇ ਟਾਈਪ ਦੇ ਹਰ ਹਫਤੇ ਜੋੜਣ ਦੀ ਔਕੜ ਬੜੀ ਭਾਰੀ ਹੈ ਤੇ ਐਸਵਕਤ ਹੋਰ ਕਈ ਕਿਸਮਦੇ ਅਨੇਕਾਂ ਕੱਮਾਂ ਦੇ ਨਾਲ ੨ ਕਠਨ ਹੈ। ਇਸ ਲਈ ਅਸੀਂ ਫੈਸਲਾ ਕੀਤਾ ਹੈ ਕਿ ਇਸ ਅੱਗੇ ਨਾਲੋਂ ਦੁਗਣੇ ਸਾਈਜ ਦੇ ਪਰਚੇ ਨੂੰ ਪਹਿਲਾਂ ਦੋ ਬਾਰ ਮਹੀਨੇ ਵਿਚ ਚਲਦਾ ਕਰੀਏ ਤੇ ਫੇਰ ਜੇ ਸਾਡੇ ਪਾਠਕ ਤੇ ਭਰਾ ਚੌਹਣ ਤਾਂ ਇਸੇ ਬੜੇ ਸਾਈਜ ਵਿਚ ਅਖਬਾਰ ਨੂੰ ਹਫਤੇਵਾਰ ਕੀਤਾ ਜਾਵੇ ਪਰ ਏਹ ਸਬ ਬਦਲੀਆਂ ਤੇ ਵਾਧੇ ਸਾਡੇ ਪਾਠਕਾਂ ਤੇ ਭਰਾਵਾਂ ਦੀ ਇਛਿਆ ਤੇ ਮਦਤ ਪੁਰ ਮੁਨਹਸਰ ਹੋਣਗੇ ਤੇ ਸਾਨੂੰ ਭਰੋਸਾ ਹੈ ਕਿ ਇਸਦੀ ਹੋਰਹੀ ਨਿਗਰ ਤੇ ਜਰੂਰੀ ਸੇਵਾ ਨੂੰ ਪਰਖਕੇ ਉਹ ਇਸ ਸੇਵਕ ਨੂੰ ਪੱਕੇ ਪੈਰੀਂ ਕਰਨਗੇ॥

ਐਡੀਟਰ

## ਸਹੀਦ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਕੁਲ ਭਾਰਤ ਦੇ ਕੂਕਦਿਆਂ ਫਾਂਸੀ ਪੁਰ ਲਟਕਾਏ ਗਏ

## ਗੁਸੇ ਨਾਲ ਉਬਲਰਹੀ ਕੌਮ ਭਾਂਬੜ ਵਾਂਗ ਮਚ ਰਹੀ ਹੈ

"ਇਕੋ ਹੀ ਗਲ ਜਿਸਦੀ ਕਿ ਮੈਂ ਮੰਗ ਕਰਦਾ ਹਾਂ ਉਹ ਏਹ ਹੈ ਕਿ ਮੈਂਨੂੰ ਗੋਲੀ ਨਾਲ ਮਾਰਿਆ ਜਾਵੇ ਜੋ ਮੌਤ ਕਿ ਜੁਧ ਵਿਚ ਫੜੇ ਕੈਦੀ ਦੀ ਛਾਨ ਨੂੰ ਫਬਦੀ ਹੈ ਪਰ ਇਕ ਆਮ ਖੂਨੀ ਮੁਲਜਮ ਵਾਂਗਰ ਮੈਂਨੂੰ ਫਾਂਸੀ ਨਾਂ ਦਿਤਾ ਜਾਏ"

ਉਪਰ ਲਿਖੇ ਲਫਜ ਭਾਰਤ ਦੇ ਸਿਰ ਤਾਜ ਨੌਨਿਹਾਲ ਸਹੀਦ ਭਗਤ ਸਿੰਘ ਦੇ ਹਨ ਜੋ ਚਿਕਾਗੋ ਟਰਿਬਊਨ ਦੀ ਤਾਰ ਦੇ ਅਨੁਸਾਰ ਸਹੀਦ ਭਗਤ ਸਿੰਘ ਨੇ ਵਾਇਸਰਾਏ ਨੂੰ ਰਹਮ ਦੀ ਅਰਜੀ ਦੀ ਥਾਂ ਇਕ ਚਿਠੀ ਵਿਚ ਲਿਖਕੇ ਭੇਜੇ। ਭਗਤ ਸਿੰਘ ਨੂੰ ਉਸਦੇ ਪਿਤਾ ਤੇ ਪਿਆਰਿਆਂ ਨੇ ਕਿਹਾ ਕਿ ਤੂੰ ਇਕ ਰਹਮ ਲਈ ਅਰਜੀ ਪੁਰ ਦਸਖਤ ਕਰਦੇਹ ਤਾਂ ਜੋ ਮੌਤ ਦੀ ਸਜਾ ਛੇਦ ਹਟ ਜਾਏ। ਏਹ ਕਰਨ ਤੋਂ ਉਸਨੇ ਇਨਕਾਰ ਕੀਤਾ ਤੇ ਉਸਦੀ ਬਜਾਏ ਉਪਰਲੇ ਲਫਜ ਵਾਇਸਰਾਏ ਨੂੰ ਲਿਖਕੇ ਭੇਜੇ।

ਜਦਬਹਾਦਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਤੇਹਾਂ ਦੇ ਫਾਂਸੀ ਦਿਤੇ ਜਾਣ ਦੀ ਖਬਰ ੨੩ ਮਾਰਚਨੂੰ ਫੈਲੀ ਤਾਂ ਕੁਲ ਹਿੰਦ ਵਿਚ ਮਾਨੋ ਭਾਂਬੜ ਮਚਗਏ। ਔਰਤਾਂ ਮਰਦਾਂ ਤੇ ਬਚਿਆਂ ਤਕ ਨੂੰ ਜੋ ਕਿ ਹਰ ਕਿਸਮ ਦਾ ਤਰਲਾ ਕਰ ਚੁਕੇ ਸਨ ਕਿ ਕਿਸੇ ਤਰਾਂ ਆਜਾ[illegible]ਵਾਨੇ ਭਗਤ ਸਿੰਘ ਤੇ ਉਸਦੇ ਸਾਥ[illegible] ਬਚ ਜਾਣ ਅਗ ਲਗ ਗਈ। ਕੁਲ ਦੇਸ ਵਿਚ ਹੜਤਾਲ ਫੈਲ ਗਈਆਂ। ਜਿਥੇ ਕਿਸੇ ਨੇ ਕੌਮੀ ਹਾਹ ਦਾ ਨਾਹਰਾ ਮਾਰਨ ਵਿਚ ਢਿਲ ਕੀਤੀ ਉਥੇ ਖੂਨ ਹੋਗਏ ਜੋ ਕਿ ਕਾਨਪੁਰ ਦੀਆਂ ਭਿਆਣਕ ਖਬਰਾਂ ਤੋਂ ਪਰਤੀਤ ਹੈ ਜਦ ਉਥੇ ਕੁਛ ਮੁਸਲਮਾਨਾਂ ਨੇ ਦੁਕਾਨਾਂ ਬੰਦ ਕਰਨ ਤੋਂ ਨਾਂਹ ਕੀਤੀ ਤਾਂ ਫਸਾਦ ਹੋਗਿਆ। ਆਹ ਸਤਰਾਂ ਲਿਖਣ ਵੇਲੇ ਤਕ ਰਪੋਟ ਹੈ ਕਿ ੧੫੦ ਆਦਮੀ ਅਰਤਾਂ ਤੇ ਬਚੇ ਮਰ ਚੁਕੇ ਹਨ ਤੇ ੧੦੦੦ ਫੱਟਰ ਹਨ। ਗਲ ਕੀ ਸਤੇ ਹੁਏ ਤੇ ਦੁਖੀ ਹਿਰਦਿਆਂ ਵਿਚੋਂ ਐਸੀ ਤਤ ਤੇ ਗੁੱਸੇ ਦੀ ਹੁਆੜ ਨਿਕਲੀ ਜੇਹੋ ਜੇਹੀ ਤਾਰਾਂ ਦਸਦੀਆਂ ਹਨ ਕਿ ਸਾਲਾਂ ਸਾਲ ਵਿਚ ਕਦੇ ਨਹੀਂ ਦੇਖੀ ਗਈ ਹੈ।

ਸਹੀਦ



ਭਗਤ ਸਿੰਘ

੨੭ ਮਾਰਚ ਨੂੰ ਆਲ ਇੰਡੀਆ ਕਾਂਗਰਸ ਕੁਮੇਟੀ ਨੇ ਕਰਾਚੀ ਵਿਚ ਸੂਰਬੀਰ ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਬਹਾਦਰੀ ਦੀ ਯਾਦਗਾਰ ਦੀ ਕਾਇਮੀ ਲਈ ਇਕ ਗੁਰਮਤਾ ਪਾਸਕੀਤਾ

# ਲਾਲਾ ਫੀਰੋਜ ਚੰਦ ਦੀ ਪਤ੍ਰਕਾ

ਕੈਨੇਡੀਅਨ ਹਿੰਦੁਸਤਾਨੀ ਕਾਂਗਰਸ ਦੇ ਦਫਤ੍ਰ ਵਿਚ ਲਾਲਾ ਫੀਰੋਜਚੰਦ ਜੀ ਵਲੋਂ ਲਾਹੌਰ ਤੋਂ ਆਈ ਚਿੱਠੀ ਅਸੀਂ ਇਸ ਲਈ ਹੇਠਾਂ ਛਾਪਦੇ ਹਾਂ ਤਾਕਿ ਉ ਨਾਂ ਸਭ ਕਨੇਡਾ, ਅਮਰੀਕਾ ਤੇ ਪੈਨਾਮਾ ਨਵਾਸੀ ਸਜਣਾਂ ਨੂੰ ਜਿਨਾਂ ਨੇ ਕਿ ਸਹੀ ਦ ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਪ੍ਰਿਵੀ ਕੌਂਸਲ ਵਿਚ ਅਪੀਲ ਦੀ ਮਦ ਤ ਲਈ ਹਿੱਸਾ ਲਿਆ ਸੀ ਪਤਾ ਲਗ ਜਾਵੇ ਕਿ ਉਨਾਂ ਦੀ ਮਦਤ ਨਾਲ ਲਾ ਹੌਰ ਡੀਫੈਂਸ ਕੁਮੇਟੀ ਨੇ ਕੀ ਉਪਰਾਲਾ ਕੀਤਾ ਸੀ। ਲਾਲਾ ਫੀਰੋਜਚੰਦ ਦੀ ਚਿੱਠੀ ਇਹ ਸਭ ਕੁਛ ਦਸਦੀ ਹੈ। ਅਨੇ ਕਾਂ ਜਤਨਾਂ ਵਿੱਚੋਂ ਇਕ ਇਹ ਜਤਨ ਸੀ ਕਿ ਕਿਸੇ ਤਰਾਂ ਫਾਂਸੀ ਦੀ ਤਰੀਕ ਦਾ ਸਮਾਂ ਵਧੀ ਜਾਵੇ ਤਾਂ ਜੋ ਛੈਦ ਕੁਛ ਵਕ ਤ ਪਾਕੇ ਦੇਸ ਦੀ ਹਾਲਤ ਬਦਲ ਜਾਵੇ ਤੇ ਬਚਾਓ ਹੋ ਸਕੇ। ਇਸ ਤੋਂ ਬਿਨਾਂ ਲਾਖਾਂ ਆਦਮੀਆਂ ਨੇ ਅਰਜੀਆਂ ਪੁਰ ਦਸਖਤ ਕਰਕੇ ਗਵਰਨਮੈਂਟ ਦੇ ਪੇਸ ਕੀ ਤੇ। ਹਜਾਰਹਾ ਸਭਾ ਸੁਸਾਇਟੀਆਂ ਨੇ ਤਾਰਾਂ ਦਿੱਤੀਆਂ ਤੇ ਕੱਠ ਕੀਤੇ। ਮਹਾ ਤਮਾ ਗਾਂਧੀ ਤੋਂ ਲਾਕੇ ਬਾਕੀ ਸਭ ਲੀ ਡਰਾਂ ਨੇ ਖਾਸ ਤਾਰਾਂ ਦਿੱਤਆਂ ਪਰ ਗਵ ਰਨਮੈਂਟ ਨੇ ਇੱਕ ਪਰਵਾਹ ਨਹੀਂ ਕੀ ਤੀ। ਲਾਲਾ ਫੀਰੋਜਚੰਦ ਦੀ ਚਿੱਠੀ ਇਓਂ ਹੈ॥

ਲਾਹੌਰ

੧੨--੨--੧੯੩੧

ਪਿਆਰੇ ਵੀਰ ਜੀ

ਆਪਦੀਆਂ ਦੋ ਚਿਠੀਆਂ ਲਈ ਆਪ ਦਾ ਧਨਵਾਦੀ ਹਾਂ। ਮੇਰਾ ਇਰਾ ਦਾ ਆਪ ਨੂੰ ਇਹ ਲਿਖਣ ਦਾ ਸੀ ਕਿ ਲੰਡਨ ਵਿਚ ਸਾਡੇ ਬੜੇ ਵਕੀਲ ਮਿਸ [illegible] ਨੂੰ ਯਕੀਨ ਦੁਆਇ ਆਸੀ ਕਿ ਏਡਾ ਮੁਕੱਦਮਾ ਤਕੜਾ ਹੈ ਇਥੇ ਹਿੰਦ ਵਿਚ ਭੀ ਬੜੇ ੨ ਵਕੀਲਾਂ ਦੀ ਇਹ ਹੀ ਰਾਏ ਸੀ। ਅਸੀਂ ਇਸ ਲਈ ਏਸ ਵਚਾਰ ਵਿਚ ਸਾਂ ਕਿ ਸਾਡੇ ਲਈ ਕੁਛ ਚਾਨਸ ਸੀ ਕਿ ਛੈਦ ਪ੍ਰਿਵੀ ਕੌਂਸਲ ਹੁਕਮ ਦੇ ਦੇਵੇ ਕਿ ਮੁਕੱਦਮਾ ਫੇ ਰ ਸੁਣਿਆ ਜਾਏ। ਪਰ ਏਸ ਤੋਂ ਪਹਿ ਲਾਂ ਕਿ ਮੈਂ ਡਾਕ ਰਸਤੇ ਏਹ ਕੁਛ ਲਿਖ ਭੇਜਦਾ ਹੁਣੇ ਹੀ ਸਾਡੇ ਲੰਡਨ ਦੇ ਵਕੀ ਲਾਂ ਵਲੋਂ ਤਾਰ ਆਈ ਹੈ ਕਿ ਪ੍ਰਿਵੀ ਕੌਂਸਲ ਦੀ ਜੁਡੀਸਲ ਕੁਮੇਟੀ ਨੇ ਖਾਸ ਅਪੀਲ ਦੀ ਮਨਜੂਰੀ ਦੇਣ ਤੋਂ ਇਨਕਾ ਰ ਕਰ ਦਿਤਾ ਹੈ। ਰੀਊਟਰ ਏਜਨਸੀ ਦੀ ਸਾਡੀ ਤੋਂ ਮਗੋਰੋਂ ਆਈ ਤਾਰ ਤੋਂ ਪਰਤੀਤ ਹੈ ਕਿ ਪ੍ਰਿਵੀ ਕੌਂਸਲ ਦੀ ਕੁਮੇ ਟੀ ਨੇ ਸਰਕਾਰੀ ਵਕੀਲ ਨੂੰ ਭੀ ਨਹੀਂ ਸਦਿਆ ਤੇ ਸਾਡੀ ਅਰਜੀ ਉ ਦਾ ਹੀ ਨਾਮਨਜੂਰ ਕਰ ਦਿਤੀ। ਇ ਸ ਲਈ ਸਾਡੀਆਂ ਉਮੈਦਾਂ ਦਾ ਖਾਤਮਾ ਹੋ ਗਿਆ ਹੈ ਤੇ ਗਵਰਨਮੈਂਟ ਹੁਣ ਛੇਤੀਂ ਹੀ ਸਾਡੇ ਭਰਾਵਾਂ ਨੂੰ ਫਾਂਸੀ ਦੇਣ ਦੀ ਤ ਰੀਕ ਮੁਕਰਰ ਕਰੇਗੀ।

ਕੁਛ ਦੋਸਤ ਇੱਥੇ ਇਕ ਅਰਜੀ ਪੁਰ ਦਸਖਤ ਕਰਾ ਰਹੇ ਹਨ ਜੋ ਬਹੁਤ ਲੋਕ ਪੇਛ ਕਰਨਗੇ। ਉਸ ਨਾਲ ਛੈਦ ਥੋ ੜੀ ਹੋਰ ਦੇਰ ਮਿਲ ਜਾਏ ਪਰ ਉਮੈਦ ਨ ਹੀਂ ਕਿ ਇਸ ਨਾਲ ਕੁਛ ਹਥ ਪੱਲੇ ਪਵੇ। ਮੈਨੂੰ ਹੁਣ ਖੁਲ ਹੈ ਕਿ ਮੈਂ ਆਪਨੂੰ ਦਸ ਦੇਵਾਂ ਕਿ ਅਸੀਂ ਸੁਰਗਬਾਸੀ ਪੰ ਡਤ ਮੋਤੀ ਲਾਲ ਨੇਹਰੂ ਜੀ ਦੀ ਸਲਾਹ ਦੇ ਮੁਤਾਬਕ ਕਾਰ ਰਵਾਈ ਕੀਤੀ ਸੀ। ਪੰਡਤ ਜੀ ਦਾ ਖਿਆਲ ਸੀ ਕਿ ਜੇ ਫਾਂ ਸੀ ਦੀ ਤਰੀਕ ਕੁਛ ਮਹੀਨੇ ਲੰਬੀ ਪੈ ਜਾਵੇ ਤਾਂ ਜਦ ਕਿਤੇ ਸਮਝੋਤੇ ਦਾ ਵਕਤ ਆਇਆ ਤਾਂ ਛੈਦ ਗਵਰਨਮੈਂਟ ਫਾਂਸੀ ਹਟੌਣ ਨੂੰ ਮਨ ਲਵੇ। ਅਸੀਂ ਏਸ ਸੁਰਗਬਾ ਲੀਡਰ ਦੇ ਵਛੋੜੇ ਨੂੰ ਏਸ ਮਾਮਲੇ ਵਿਚ ਤੇ ਹੋਰ ਅਨੇਕਾਂ ਮਾਮਲਿਆਂ ਵਿ ਚ ਅਜ ਝੂਰ ਰਹੇ ਹਾਂ।

ਉਹ ਯਤਨ ਜੋ ਤੁਸੀਂ ਕਨੇਡਾ ਵਾਸੀ ਆਂ ਨੇ ਤੇ ਪੈਨਾਮਾ ਨਵਾਸੀ ਭਾਈਆਂ ਨੇ ਪ੍ਰਿਵੀ ਕੌਂਸਲ ਦੀ ਅਪੀਲ ਦੇ ਫੰਡ ਲਈ ਸਾਨੂੰ ਮਦਤ ਭੇਜਣ ਦੇ ਕੀਤੇ ਹਨ ਉਸ ਲਈ ਅਸੀਂ ਆਪ ਭਾਈਆਂ ਦੇ ਅਤੀ ਹੀ ਧਨਵਾਦੀ ਹਾਂ। ਹੈਥੋਂ ਮਦਤ ਔਣ ਕਰਕੇ ਸਾਡਾ ਐਥੋਂ ਇਸ ਔਖੇ ਸ ਮੇਂ ਸਹਾਇਤਾ ਲਝਣ ਦਾ ਫਿਕਰ ਘਟ ਗਿਆ ਸੀ। ਪਹਿਲਾਂ ਥੋੜੇ ਦਿਨ ਕੇਸ ਛ ਤੋਂ ਬਾਦ ਆਪ ਭਰਾਵਾਂ ਦੀ ਮਦਤ ਪੁਜਜਾਣ ਤੋਂ ਬਾਦ ਸਾਨੂੰ ਮੰਗਣਾ ਨਹੀਂ ਪਿਆ।

ਉਹ ਸਾਰਾ ਰੁਪੈਆ ਜੋ ਤੁਸੀਂ ਮੇਰੇ ਨਾ ਮ ਭੇਜਿਆ ਮੈਂ ਬੀਬੀ ਲੱਜਾਵਤੀ ਜੀ (੧੨ ਰਤਨ ਚੰਦ ਰੋਡ) ਨੂੰ ਪੁਚਾ ਦਿਤਾ ਸੀ ਕਿਓਂਕਿ ਬੀਬੀ ਜੀ ਏਸ ਫੰਡ ਦੇ ਖਜਾਨਚੀ ਤੇ ਸਕੱਤ੍ਰ ਮੁਕਰਰ ਕੀਤੇ ਗਏ ਸਨ। ਉਹ ਰਕਮਾਂ ਭੀ ਜੋ ਭੁਲ ਨਾਲ ਵ ਜੀਰ ਚੰਦ ਦੇ ਨਾਮ ਆਈਆਂ ਸਨ ਉਹ ਭੀ ਬੀਬੀ ਲੱਜਾ ਵਤੀ ਜੀ ਨੂੰ ਪੁਚਾ ਦਿ ਤੀਆਂ ਗਈਆਂ ਸਨ। ਏਹ ਇੱਦਾ ਹੋਈ ਕਿ ਉਹ ਸਜਣ ਜਿਸ ਨੂੰ ਏਸ ਦਫਤਰ ਦਾ ਕਮ ਸੰਭਾਲਿਆ ਗਿਆ ਸੀ ਉਸ ਦਾ ਨਾਮ ਭੀ ਵਜੀਰ ਚੰਦ ਸੀ।

ਮੈਂ ਬੀਬੀ ਲੱਜਾਵਤੀ ਜੀ ਨੂੰ ਆਖਿ ਆ ਹੈ ਕਿ ਉਹ ਆਪ ਨੂੰ ਕਨੇਡਾ, ਅਮ ਰੀਕਾ ਤੇ ਪੈਨਾਮਾ ਵਲੋਂ ਇਥੇ ਪੁਜੀਆਂ ਰਕਮਾਂ ਦਾ ਪੂਰਾ ਵੇਰਵਾ ਭੇਜ ਦੇਵੇ ਜੋ ਤੁ ਸੀਂ "ਇੰਡੀਆ ਐਂਡ ਕੈਨੇਡਾ" ਵਿਚ ਪ੍ਰਕਾਸਤ ਕਰ ਦੇਵੋ।

ਹੁਣ ਜਦ ਕਿ ਅਪੀਲ ਨਾਮਨਜੂਰ ਹੋ ਗਈ ਹੈ ਅਜੇ ਕੁਛ ਰੁਪੈਆ ਬੈਕ ਵਿਚ ਪਿਆ ਹੈ। ਬੀਬੀ ਲੱਜਾ ਵਤੀ ਜੀ ਆ ਪ ਨੂੰ ਇਸਦੀ ਬਾਬਤ ਲਿਖੇਗੀ। ਬੀ ਬੀ ਜੀ ਨੇ ਅਜ ਸੁਵੇਰੇ ਮੈਨੂੰ ਦਸਿਆ ਸੀ ਕਿ ਉਨਾਂ ਦੀ ਪੁਛ ਦੇ ਜੁਵਾਬ ਵਿਚ ਕਿ ਜੇ ਲਾਹੌਰ ਕਨਸਪਿਰੇਸੀ ਕੇਸ ਡੀਫੈਨਸ ਲਈ ਉਹ ਰੁਪੈਆ ਵਰਤ ਸਕ ਣ ਆਪ ਵਲੋਂ ਆਈ ਤਾਰ ਦੀ ਆਗਿ ਆ ਪੁਰ ਪੰਜ ਸੌ ਰੁਪੈਆ ਉਸ ਕਮ ਲਈ ਬੈਂਕ ਵਿੱਚੋਂ ਚੁਕਿਆ ਸੀ।

ਹਿਬੀਅਸ ਕਾਰਪਸ ਲਈ ਅਸੀ ਅੰ ਤਲਾ ਤਕਦੋ ਕਰ ਰਹੇ ਹਾਂ।

ਆਪ ਦਾ ਸਚਾ ਪ੍ਰੇਮੀ

ਫੀਰੋਜ ਚੰਦ

# ਇੰਡੀਆ ਐਂਡ ਕੈਨੇਡਾ

April 1st. 1931 phone Bay. 8555

ਜੁਗਾਂ ਜੁਗ ਜਦ ਤਕ ਭਾਰਤ ਵਰਸ ਦੇ ਵਾਸੀ ਪਿਛਲੇ ਹਜਾਰਾਂ ਸਾਲਾਂ ਵਾਂਗੂੰ ਅਪਣੀ ਕੌਮੀਅਤ ਤੇ ਭੂਮੀ ਦੇ ਪਿਆਰੇ ਤੇ ਪਰਖੂ ਰਹਣਗੇ ਉਦ ਤਕ ਭਗਤ ਸਿੰਘ ਸ ਹੀਦ ਦਾ ਨਾਮ ਕਾਇਮ ਤੇ ਅਟਲ ਰਹੇਗਾ

ਮਹਾਤਮਾ ਗਾਂਧੀ ਜੀ ਨੇ ਬਹਾਦਰ ਭਗ ਤ ਸਿੰਘ ਦੀਆਂ ਸਿਫਤਾਂ ਨੂੰ ਐਓਂ ਦਸਿ ਆ ਜਦ ਕਿ ਆਪ ਨੇ ਕਿਹਾ ਕਿ ਆਓ ਅ ਸੀਂ ਭਗਤ ਸਿੰਘ ਦੀ ਕੁਰਬਾਨੀ ਦੀ ਤਾ ਕਤ ਉਸਦੀ ਮਿਹਨਤ ਤੇ ਉਸਦੀ ਖਤਰੇ ਦੀ ਨਾਂ ਪਰਵਾਹ ਕਰਨਵਾਲੀ ਦਲੇਰੀ, ਏਨਾਂ ਸਿਫਤਾਂ ਦੀ ਨਕਲ ਕਰੀਏ।

ਭਗਤ ਸਿੰਘ ਕੀ ਸੀ? ਉਹ ਇਕ ਬਲ ਦੀ ਲਾਟ ਸੀ ਜਿਸਦੀ ਜੋਤ ਤੋਂ ਲਾਖਾਂ ਤੇ ਕਰੋੜਾਂ ਰੂਹਾਂ ਨੂੰ ਚਾਨਣ ਲਗੇਗਾ ਤੇ ਉਹ ਉ ਸਹੀ ਅਜਾਦੀ ਤੇ ਕੁਰਬਾਨੀ ਦੀ ਰੂਹਾਨੀ ਖੇਡ ਖੇਲਣ ਲਈ ਜੋ ਭਾਰਤ ਦੇ ਏਸ ਸਪੁਤ੍ਰ ਤੇ ਤਵਾਰੀਖੀ ਸਹੀਦ ਨੇ ਖੇਡੀ ਦਾ ਖਿਆ ਲ ਕਰਕੇ ਤਿਆਰ ਹੋਣਗੀਆਂ। ਏਹ ਲਾ ਟ ਬਲਦੀ ਰਹੇਗੀ ਭਾਰਤ ਨੂੰ ਆਜਾਦ ਕ ਰਾਏਗੀ ਤੇ ਆਜਾਦ ਰਖੇਗੀ।

* * * *

ਖਾਲਸਾ ਦੀਵਾਨ ਵੈਨਕੂਵਰ ਵਲੋਂ ਗੁ ਰਦੁਆਰਾ ਵੈਨਕੂਵਰ ਵਿਚ, ਸਹੀਦ ਭ ਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਨ ਮਿਤ ੫ ਅਪ੍ਰੈਲ ਨੂੰ ਅਖੰਡ ਪਾਠ ਦਾ ਭੋਗ ਪਵੇਗਾ ਸਕੱਤ੍ਰ ਸਾਹਿਬ ਦੀਵਾਨ ਬੇਨਤੀ ਕਰਦੇ ਹਨ ਕਿ ਸੰਗਤਾਂ ਹੁਮਹੁਮਾ ਕੇ ਦਰਸਨੇ ਦੇਣ।

---

ਕਨੇਡਾ ਨਵਾਸੀ ਹਿੰਦੁਸਤਾਨੀ ਅਮ ਰੀਕਾ ਨਵਾਸੀ ਭਰਾਵਾਂ ਨੂੰ ਅਪਣੀ ਗੂ ਹੜੀ ਹਮਦਰਦੀ ਭੇਜਦੇ ਹਨ। ਅਮਰੀ ਕਾ ਦੇ ਅਖਬਾਰਾਂ ਤੋਂ ਪਰਤੀਤ ਹੁੰਦਾ ਹੈ ਕਿ ਉਥੇ ਦੇ ਭਰਾ ਉਨਾਂ ਹੀ ਔਕੜਾਂ ਵਿ ਚੀਂ ਲੰਘ ਰਹੇ ਹਨ ਜਿਨਾਂ ਵਿਚੀਂ ਕਨੇ ਡਾ ਨਵਾਸੀ ਸਨ ੧੯੧੪ ਵਿਚ ਲੰਘੇਸਨ।

* * * *

ਭਾਈ ਈਸਰ ਸਿੰਘ ਜੀ ਸਕੱਤ੍ਰ ਖਾ ਲਸਾ ਦੀਵਾਨ ਡੰਕਨ ਲਿਖਦੇ ਹਨ ਕਿ ੨੨ ਮਾਰਚ ਨੂੰ ਉਸ ਦੀਵਾਨ ਵਲੋਂ ਪੰਡਤ ਮੋ ਤੀ ਲਾਲ ਜੀ ਦੇ ਛੋਕਮਈ ਚਲਾਣੇ ਦੇ ਨਮਿਤ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦਾ ਭੋਗ ਪੁਆਇਆ। ਬੀ ਬੀ ਬਸੰਤ ਕੌਰ ਸੁਪਤਣੀ ਬਾਬੂ ਕਪੂਰ ਸਿੰਘ ਵਲੋਂ ਸੰਗਤਾਂ ਨੂੰ ਲੰਗਰ ਛਕਾਇ ਆ। ਭਾਈ ਧਰਮ ਸਿੰਘ ਬੱਡੋ ਇੰਦਰ ਸਿੰ ਘ ਗਿਲ ਤੇ ਬਿਸਨ ਸਿੰਘ ਬੋਪਾਰਾਏ ਨੇ ਕਵਤਾ ਪੜ੍ਹਕੇ ਸੁਣਾਈਆਂ ਤੇ ਕਈ ਸਜ ਣਾਂ ਨੇ ਪੰਡਤ ਜੀ ਦੇ ਜੀਵਨ ਪੁਰ ਵਖਿ ਆਣ ਦਿਤੇ। ਜੋ ੧੩੦ ਡਾਲਰ ਮਾਇਆ ਇਕੱਤਰ ਹੋਈ ਉਹ ਪੰਡਤ ਮੋਤੀ ਲਾਲ ਜੀ ਦੀ ਯਾਦਗਾਰ ਲਈ ਇੰਡੀਅਨ ਨੈਸਨਲ ਕਾਂਗਰਸ ਨੂੰ ਜਾਨਗੇ।

* * * *

੧੩ ਅਪ੍ਰੈਲ ਨੂੰ ਬਸਾਖੀ ਦਾ ਪੁਰਬ ਮ ਨੌਣ ਲਈ ਵਿਕਟੋਰੀਆ ਦੀਵਾਨ ਵ ਲੋਂ ਤਿਆਰੀਆਂ ਜਾਰੀ ਹਨ। ਗੁਰਦੁ ਆਰੇ ਵਿਚ ਨਵੇਂ ਗਲੀਚੇ ਵਛਾਏ ਗਏ ਹਨ। ਵਿਕਟੋਰੀਏ ਦੀ ਸੰਗਤ ਵਿਚ ਫੇਰ ਪ੍ਰੇਮ ਤੇ ਸਾਨਤੀ ਵਸਰਹੀ ਹੈ। ਭਾਵੇਂ ਸ ਮਾਂ ਅਤੀ ਹੀ ਮੰਦਾ ਹੈ ਪਰ ਸੇਵਕ ਆ ਸਾ ਕਰਦੇ ਹਨ ਕਿ ਸਭ ਭਰਾ ਦੂਰ ਦੁਰਾ ਡੇ ਤੋਂ ਸਦਾ ਵਾਂਗਰ ਖਾਲਸਾ ਜੀ ਦੇ ਜ ਨਮ ਦਿਨ ਮਨੌਣ ਲਈ ਹਾਜਰ ਹੋਣਗੇ ਗੁਰਦੁਆਰਾ ਸਟਾਕਟਣ ਕੈਲੇਫੋਰਨੀਆ ਵਿਚ ਭੀ ਇਹ ਪੁਰਬ ਧੂਮ ਧਾਮ ਨਾਲ ਮਨਾਇਆ ਜਾਏਗਾ।

* * * *

ਇੰਡੀਆ ਐਂਡ ਕੈਨੇਡਾ ਦਾ ਇਹ ਪਰ ਚਾ ਮੈਂ ਕੈਲੋਫੋਰਨੀਆ ਤੋਂ ਮੁੜਦਿਆਂ ਹੀ ੧੮ ਫਰਵਰੀ ਨੂੰ ਤਿਆਰ ਕਰਨਾ ਛੂ ਰੂ ਕਰ ਦਿਤਾ ਸੀ ਪਰ ਅਜੇ ਅੱਧਾ ਪਰਚਾ ਭੀ ਨਹੀਂ ਮੁੱਕਾ ਸੀ ਕਿ ਖੱਬੀ ਲਤ ਵਿਚ ਰੀਹ ਦੀ ਭਾਰੀ ਕਸਰ ਨੇ ਮੈਨੂੰ ਦੱਬ ਲਿਆ ਤੇ ਏਸ ਹਾਲਤ ਵਿਚ ਲਗਾ ਤਾਰ ਖੜੇਕੇ ਟਾਈਪ ਜੋੜਨਾ ਨਾਮੁਮਕਨ ਹੋ ਗਿਆ। ਹੁਣ ਫੈਦਾ ਹੋਣ ਪੁਰ ਮੈਂ ਫੇਰ ਇਸ ਕੰਮ ਵਿਚ ਜੁਟਦਾ ਹਾਂ। ਇਸ ਹੀ ਕਾਰਨ ਇਸ ਪਰਚੇ ਵਿਚ ਕੁਛ ਮਜਮੂਨ ਪੁਰਾਣੇ ਤੇ ਕੁਛ ਨਵੇਂ ਹਨ। ਅਗਲੇ ਪਰਚੇ ਤੋਂ ਸਭ ਕੁਛ ਸੂਤ ਤੁਰ ਪਏਗਾ।

ਕਰਤਾਰ ਸਿੰਘ

